ਸ਼ਨਿੱਚਰਵਾਰ
2 ਜਨਵਰੀ 2010
19 ਪੋਹ ਨਾਨਕਸ਼ਾਹੀ 541
ਜਲੰਧਰ
ਅੰਕ ਨੰ 263 ਸਾਲ 25
Postal
Regd. No.
PB/0007/09-2011

ਅੱਜ ਦੀ ਆਵਾਜ਼

ਕੀਮਤ 2 ਰੁਪਏ

Do Direct, 10Th, +2, B.A., B.Com, BCA, BBA, MBA, MCA, Msc-IT, All ITI Diplomas,
ਵੈਟਰਨਰੀ ਫਾਰਮੇਸੀ ਦਾ 2 ਸਾਲਾਂ ਕੋਰਸ, ਮਾਨਤਾ ਪ੍ਰਾਪਤ ਯੂਨੀਵਰਸਿਟੀ ਵੱਲੋਂ ਤੇ ਸਰਕਾਰੀ ਨੌਕਰੀ ਲਈ ਮਾਨਤਾ ਪ੍ਰਾਪਤ।
ਨੋਟ : ਇੱਕ ਸਾਲ ਵਿੱਚ B.A. ਕਰੋ ਪੇਪਰ ਦਸੰਬਰ, 2009
ਸੰਪਰਕ ਕਰੋ
99886-07120

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com


ਸ਼ਹਿਰ ਤੇ ਆਸ-ਪਾਸ
ਤਰਕਸ਼ੀਲ ਮੇਲੇ 'ਚ 3

ਸੰਪਾਦਕੀ
ਇੰਨਾ ਹੀ ਕਾਫੀ ਨਹੀਂ 4

ਦੇਸ਼ ਦੁਨੀਆ
ਨਵੇਂ ਸਾਲ ਦੇ ਸਵਾਗਤ ਲਈ 8

ਰਾਠੌਰ ਨੂੰ 7 ਤੱਕ ਅੰਤ੍ਰਿਮ ਜ਼ਮਾਨਤ

ਰੁਚਿਕਾ ਦੇ ਵਾਰਿਸ ਜ਼ਮਾਨਤ ਖਿਲਾਫ਼ ਕਰਨਗੇ ਰਿੱਟ

ਚੰਡੀਗੜ੍ਹ, 1 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਬਹੁ-ਚਰਚਿਤ ਹਰਿਆਣਾ ਦੇ ਰੁਚਿਕਾ ਛੇੜਛਾੜ ਕਾਂਡ ਵਿੱਚ ਦੋਸ਼ੀ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਹਰਿਆਣਾ ਐੱਸ.ਪੀ. ਐੱਸ ਸਿੰਘ ਨੂੰ ਉਦੋਂ ਰਾਹਤ ਦੇ ਦਿੱਤੀ ਕਿ ਮਾਮਲੇ ਦੀ ਸੁਣਵਾਈ 7 ਜਨਵਰੀ ਨੂੰ ਹੋਵੇਗੀ। ਉਦੋਂ ਤੱਕ ਰਾਠੌਰ ਨੂੰ ਅਦਾਲਤ ਨੇ ਪੂਰੀ ਰਾਹਤ ਦਿੰਦੇ ਹੋਏ ਉਸ ਦੀ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਹੈ। ਜਦੋਂ ਕਿ ਹਰਿਆਣਾ ਸਰਕਾਰ ਨੂੰ 7 ਜਨਵਰੀ ਲਈ ਨੋਟਿਸ ਜਾਰੀ ਕੀਤਾ ਹੈ। ਇਸ ਸੰਬੰਧੀ ਜਵਾਬ ਦਾਅਵਾ ਦਾਇਰ ਕਰਨ ਲਈ ਸਰਕਾਰ ਨੇ ਕਿਹਾ ਹੈ। ਅੱਜ ਹਰਿਆਣਾ ਦੀ ਮਿੰਨੀ ਸਕੱਤਰੇਤ ਵਜੋਂ ਜਾਣੇ ਜਾਂਦੇ ਕਸਬੇ ਪੰਚਕੂਲਾ ਵਿੱਚ ਇੱਕ ਰੁਚਿਕਾ ਕੇਸ ਦੀ ਸੁਣਵਾਈ ਦੀ ਸੈਸ਼ਨ ਜੱਜ ਐੱਸ.ਪੀ. ਸਿੰਘ ਦੀ ਅਦਾਲਤ ਵਿੱਚ ਸੁਣਵਾਈ ਹੋਈ।

☛(ਬਾਕੀ ਸਫ਼ਾ 2 'ਤੇ)

ਨਵੇਂ ਚੜ੍ਹੇ ਸਾਲ 2010 ਦੀ ਸਵੇਰੇ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਰਾਜਧਾਨੀ ਦਿੱਲੀ ਵਿਖੇ ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਬੀਬੀ ਪ੍ਰਤਿਭਾ ਦੇਵੀ ਪਾਟਿਲ ਨੂੰ ਮਿਲੇ ਅਤੇ ਦੇਸ਼ ਅਤੇ ਪੰਜਾਬ ਦੀ ਖੁਸ਼ਹਾਲੀ ਦੀ ਕਾਮਨਾ ਕੀਤੀ। ਤਸਵੀਰ ਵਿੱਚ ਰਾਸ਼ਟਰਪਤੀ ਪਾਟਿਲ ਮੁੱਖ ਮੰਤਰੀ ਬਾਦਲ ਤੋਂ ਸ਼ੁੱਭ ਇੱਛਾਵਾਂ ਕਬੂਲ ਕਰਦੇ ਹੋਏ।

ਗੈਰ ਰਵਾਇਤੀ ਬਿਜਲੀ ਸੋਮੇ ਪੈਦਾ ਕਰਨ ਵੱਲ ਵਿਸ਼ੇਸ਼ ਧਿਆਨ ਦੇਵਾਂਗਾ- ਭਾਈ ਮਨਜੀਤ ਸਿੰਘ

ਅਮ੍ਰਿਤਸਰ 1 ਜਨਵਰੀ (ਮੋਤਾ ਸਿੰਘ)- ਪੰਜਾਬ ਸਰਕਾਰ ਵਲੋਂ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ' ਪੇਡਾ' ਦੇ ਨਵ ਨਿਯੁਕਤ ਚੇਅਰਮੈਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਮਨਜੀਤ ਸਿੰਘ ਨੇ ਆਪਣੀ ਨਵੀਂ ਨਿਯੁਕਤੀ 'ਤੇ ਪ੍ਰਮਾਤਮਾ ਦਾ ਸੁਕਰਾਨਾ ਕਰਨ ਲਈ ਜਿਲਾ ਪ੍ਰੀਸ਼ਦ ਮੈਬਰ ਸ: ਸਰਵਨ ਸਿੰਘ ਧੁੰਨ, ਜਿਲਾ ਮੀਡੀਆ ਇਚਾਰਜ ਪ੍ਰੋ: ਸਰਚਾਂਦ ਸਿੰਘ, ਸ: ਹਰਭਜਨ ਸਿੰਘ ਮਨਾਵਾ, ਸੁਖਦੇਵ ਸਿੰਘ ਡਿਪਟੀ ਸਮੇਤ ਆਪਣੇ ਸੈਕੜੇ ਸਾਥੀਆਂ ਤੇ ਅਕਾਲੀ ਆਗੂਆਂ ਨਾਲ ਅੱਜ ਸ੍ਰੀ ਹਰਮਿੰਦਰ ਸਾਹਿਬ ਵਿਖੇ ਨਟਮਸਤਕ ਹੋਏ। ਇਸ ਦੌਰਾਨ ਸੂਚਨਾ ਕੇਂਦਰ ਵਿਖੇ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਉਹਨਾਂ ਆਪਣੀ ਨਿਯੁਕਤੀ ਲਈ ਜਿਥੇ ਪ੍ਰਮਾਤਮਾ ਦਾ ਸੁਕਰਾਨਾ ਕੀਤਾ ਉਥੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ , ਉਪ ਮੁੱਖ ਮੰਤਰੀ ਤੇ ਪ੍ਰਾਰਟੀ ਪ੍ਰਧਾਨ ਸ: ਸੁਖਬੀਰ ਸਿੰਘਙ ਬਾਦਲ ਸ: ਬਿਕਰਮ ਦਸੰਘ ਮਜੀਠੀਆ ਅਤੇ ਸਮੂਹ ਅਕਾਲੀ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਜੋ ਉਹਨਾਂ ਨੂੰ ਜ਼ਿਮੇਵਾਰੀ ਸੌਂਪੀ ਗਈ ਹੈ ਉਸ ਨੂੰ ਉਹ ਪੂਰੀ ਤਨਦਹੀ ਅਤੇ ਇਮਾਨਦਾਰੀ ਨਾਲ

☛(ਬਾਕੀ ਸਫ਼ਾ 2 'ਤੇ)

ਬਲਾਹੜੀ ਖੁਰਦ, ਕੱਜਲ ਮਾਜਰਾ ਅਤੇ ਬੀਬੀਪੁਰ 'ਚ ਪੰਚਾਂ ਦੀਆਂ ਚੋਣਾਂ 19 ਜਨਵਰੀ ਨੂੰ

ਫ਼ਤਿਹਗੜ੍ਹ ਸਾਹਿਬ, 1 ਜਨਵਰੀ (ਪਰਦੀਪ ਸਿੰਘ) -ਵਧੀਕ ਡਿਪਟੀ ਕਮਿਸ਼ਨਰ ਵਿਕਾਸ ਕਮ ਵਧੀਕ ਜਿਲਾ ਚੋਣਕਾਰ ਅਫਸਰ ਸ਼੍ਰੀ ਪ੍ਰਦੀਪ ਸਿੰਘ ਕਾਲੇਕਾ ਨੇ ਜਾਣਕਾਰੀ ਦਿੱਤੀ ਕਿ ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ 6 ਜਨਵਰੀ ਨੂੰ ਜਾਰੀ ਕੀਤੇ ਜਾਣ ਵਾਲੇ ਨੋਟੀਫਿਕੇਸ਼ਨ ਅਨੁਸਾਰ ਜਿਲੇ ਵਿੱਚ ਪੈਂਦੇ ਬਲਾਕ ਖੇੜਾ ਦੇ ਪਿੰਡ ਬਲਾਹੜੀ ਖੁਰਦ ਵਿਖੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਪੰਚ ,ਬਲਾਕ ਖਮਾਣੋਂ ਦੇ ਪਿੰਡ ਹਵਾਰਾਕਲਾਂ ਦੀ ਮਹਿਲਾ ਪੰਚ,ਬਸੀ ਪਠਾਣਾਂ ਬਲਾਕ ਦੇ ਪਿੰਡ ਕੱਜਲ ਮਾਜਰਾ

☛(ਬਾਕੀ ਸਫ਼ਾ 2 'ਤੇ)

ਮਹਾਰਾਸ਼ਟਰ ਸਰਕਾਰ ਨਿੱਜੀ ਚੈਨਲਾਂ 'ਤੇ ਕਸੇਗੀ ਸ਼ਿਕੰਜਾ

ਮੁੰਬਈ, 1 ਜਨਵਰੀ (ਵਿਸ਼ਵ ਵਾਰਤਾ)-ਮੀਡੀਆ ਨੂੰ ਹੱਦ ਵਿੱਚ ਰੱਖਣ ਲਈ ਮਹਾਰਾਸ਼ਟਰ ਸਰਕਾਰ ਨੇ ਇੱਕ ਕਮੇਟੀ ਦਾ ਗਠਨ ਕੀਤਾ ਹੈ ਜੋ ਰਾਜ ਵਿੱਚ ਨਿੱਜੀ ਟੀ.ਵੀ. ਚੈਨਲਾਂ ਵੱਲੋਂ ਦਿਖਾਏ ਜਾ ਰਹੇ ਪ੍ਰੋਗਰਾਮਾਂ ਦੀ ਵਿਸ਼ਾ ਵਸਤੂ 'ਤੇ ਨਿਗਰਾਨੀ ਰੱਖੇਗੀ। ਪ੍ਰਸ਼ਾਸਨ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਨਿੱਜੀ ਟੀ.ਵੀ. ਚੈਨਲਾਂ 'ਤੇ ਨਿਗਰਾਨੀ ਲਈ ਰਾਜ ਸਰਕਾਰ ਨੇ ਕਮੇਟੀ ਦਾ ਗਠਨ ਕੀਤਾ ਹੈ।

ਜੇਕਰ ਨਿੱਜੀ ਚੈਨਲਾਂ ਵੱਲੋਂ ਕੋਈ ਇਤਰਾਜ਼ਯੋਗ ਸਮੱਗਰੀ ਦਿਖਾਇਆ ਪਾਉਂਦਾ ਗਿਆ ਤਾਂ ਇਸ ਦੀ ਖ਼ਬਰ ਕੇਂਦਰ ਨੂੰ ਦਿੱਤੀ ਜਾਵੇਗੀ। ਅਧਿਕਾਰੀ ਨੇ ਕਿਹਾ ਕਿ ਮੁੰਬਈ ਵਿੱਚ ਸਾਲ 2008 ਵਿੱਚ 26/11 ਨੂੰ ਹੋਏ ਅੱਤਵਾਦੀ ਹਮਲੇ ਦੀ ਮੀਡੀਆ ਵੱਲੋਂ ਕੀਤੀ ਗਈ ਅਨਿਯੰਤਰਣ ਕਵਰੇਜ ਨੂੰ ਦੇਖਦੇ ਹੋਏ ਸਰਕਾਰ ਦੀ ਪਹਿਲ 'ਤੇ ਰਾਜ ਸਰਕਾਰ ਨੇ ਅਜਿਹਾ ਕਦਮ ਉਠਾਇਆ ਹੈ। ਕਮੇਟੀ ਦੇ ਚੇਅਰਮੈਨ ਰਾਜ ਦੇ ਸੂਚਨਾ ਅਤੇ ਜਨਸੰਪਰਕ ਮੰਤਰਾਲੇ ਦੇ ਸਕੱਤਰ ਹੋਣਗੇ। ਕਮੇਟੀ ਵਿੱਚ ਪੁਲਿਸ, ਮਹਿਲਾ ਅਤੇ ਬਾਲ ਕਲਿਆਣ ਵਿਭਾਗ ਵਰਗੇ ਵੱਖ-ਵੱਖ ਵਿਭਾਗਾਂ ਨਾਲ ਜੁੜੇ ਪੰਜ ਹੋਰ ਮੈਂਬਰ ਹੋਣਗੇ। ਅਧਿਕਾਰੀ ਨੇ ਦੱਸਿਆ ਕਿ ਕਮੇਟੀ ਦੀ ਜ਼ਿਲ੍ਹਾ ਪੱਧਰ 'ਤੇ ਸ਼ਾਖਾਵਾਂ ਹੋਣਗੀਆਂ ਜੋ ਸਥਾਨਿਕ ਕੇਬਲ ਚੈਨਲਾਂ 'ਤੇ ਨਿਗਰਾਨੀ ਰੱਖੇਗੀ।

ਪਾਕਿ ਨੇ ਭਾਰਤੀ ਕੈਦੀਆਂ ਦੀ ਸੂਚੀ ਭਾਰਤ ਨੂੰ ਸੌਂਪੀ

ਭਾਰਤੀ ਕੈਦੀਆਂ ਦੀ ਕੁੱਲ੍ਹ ਗਿਣਤੀ ਦਾ ਫਿਲਹਾਲ ਪਤਾ ਨਹੀਂ ਲੱਗ ਸਕਿਆ

ਇਸਲਾਮਾਬਾਦ, 1 ਜਨਵਰੀ (ਵਿਸ਼ਵ ਵਾਰਤਾ)- ਪਾਕਿਸਤਾਨ ਨੇ ਦੇਸ਼ ਦੀ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਭਾਰਤੀ ਕੈਦੀਆਂ ਦੀ ਅੱਜ ਭਾਰਤ ਨੂੰ ਸੂਚੀ ਸੌਂਪੀ। ਵਿਦੇਸ਼ ਦਫ਼ਤਰ ਦੇ ਬੁਲਾਰੇ ਅਬਦੁਲ ਬਾਸਿਤ ਨੇ ਇੱਕ ਬਿਆਨ ਵਿੱਚ ਕਿਹਾ ਕਿ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਨੂੰ ਭਾਰਤੀ ਕੈਦੀਆਂ ਦੀ ਇੱਕ ਸੂਚੀ ਇਸਲਾਮਾਬਾਦ ਵਿੱਚ ਭਾਰਤੀ ਹਾਈ ਕਮਿਸ਼ਨਰ ਦੇ ਇੱਕ ਅਧਿਕਾਰੀ ਨੂੰ ਸੌਂਪੀ ਹੈ। ਪਾਕਿਸਤਾਨ ਵਿੱਚ ਭਾਰਤੀ ਕੈਦੀਆਂ ਦੀ ਗਿਣਤੀ ਦਾ ਫਿਲਹਾਲ ਪਤਾ ਨਹੀਂ ਲੱਗ ਸਕਿਆ ਹੈ ਅਤੇ ਬੁਲਾਰੇ ਨੇ ਇਸ ਦੀ ਪੂਰੀ ਜਾਣਕਾਰੀ ਨਹੀਂ ਦਿੱਤੀ। ਭਾਰਤ ਅਤੇ ਪਾਕਿਸਤਾਨ ਨੂੰ ਹਰ ਸਾਲ ਦੂਸਰੇ ਦੀ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੀ ਸੂਚੀ ਦਾ ਇੱਕ ਜਨਵਰੀ ਅਤੇ ਇੱਕ ਜੁਲਾਈ ਨੂੰ ਅਦਾਨ-ਪ੍ਰਦਾਨ ਕਰਨਾ ਹੁੰਦਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ 100 ਭਾਰਤੀ ਮਛੇਰਿਆਂ ਨੂੰ ਰਿਹਾਅ ਕੀਤਾ ਗਿਆ ਸੀ।

ਇੱਕ ਫਿਰੇ ਨੱਥ ਘੜ੍ਹਾਉਣ ਨੂੰ,ਇੱਕ ਫਿਰੇ ਨੱਥ ਕਟਾਉਣ ਨੂੰ

ਮਹਿਕਮਾ ਪੈਨਸ਼ਨ ਵਧਾਉਣ ਦੀ ਗੱਲ ਕਰਦੈ ਪਹਿਲੇ ਲਾਭ ਪਾਤਰੀਆਂ ਨੂੰ ਅਜੇ ਮਿਲੀ ਨਹੀਂ

ਚੰਡੀਗੜ੍ਹ, 1 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਜੋ ਕਿ ਪੈਨਸ਼ਨਾਂ ਦੀ ਰਕਮ 250 ਰੁਪਏ ਤੋਂ 400 ਰੁਪਏ ਪ੍ਰਤੀ ਮਹੀਨਾ ਵਿਅਕਤੀ ਵਧਾਉਣ ਦੀ ਤਜਵੀਜ਼ ਦੇ ਵਿਚਾਰ ਕਰ ਰਹੀ ਹੈ। ਉਥੇ ਸਰਕਾਰ ਦੀ ਸਥਿਤੀ ਇਹ ਹੈ ਕਿ 1 ਅਪ੍ਰੈਲ 2009 ਤੋਂ ਹੁਣ ਤੱਕ 99 ਹਜ਼ਾਰ 580 ਲਾਭਪਾਤਰੀਆਂ ਨੂੰ ਅਦਾਇਗੀ ਨਹੀਂ ਦੇ ਸਕੀ ਹੈ। ਇਸ ਵਿੱਚ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ, ਅਪੰਗ ਵਿਅਕਤੀਆਂ ਦੇ ਮਨਜ਼ੂਰ ਕੇਸ ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਅਮ੍ਰਿਤਸਰ ਵਿੱਚ 111, ਬਠਿੰਡਾ ਵਿੱਚ 8047, ਫਰੀਦਕੋਟ 3687, ਫਤਿਹਗੜ੍ਹ ਸਾਹਿਬ 1857, ਫਿਰੋਜ਼ਪੁਰ ਵਿੱਚ 6276, ਗੁਰਦਾਸਪੁਰ 8971, ਹੁਸ਼ਿਆਰਪੁਰ 2047, ਜਲੰਧਰ 2029, ਕਪੂਰਥਲਾ 1467, ਲੁਧਿਆਣਾ 8400, ਮਾਨਸਾ 9123, ਮੋਗਾ 7753, ਮੁਕਤਸਰ 10213, ਨਵਾਂ ਸ਼ਹਿਰ 2591, ਪਟਿਆਲਾ 6947, ਰੋਪੜ 2992, ਸੰਗਰੂਰ 3302, ਐੱਸ.ਏ.ਐੱਸ. ਨਗਰ 1139 ਅਤੇ ਤਰਨ ਤਾਰਨ 'ਚ 7311 ਮਾਮਲੇ ਲੰਬਿਤ ਪਏ ਸਨ। ਇਸ ਸਮੇਂ ਸਰਕਾਰ 16. 38 ਲੱਖ ਲੋਕਾਂ ਨੂੰ ਲਾਭ ਦੇ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਪੂਰੇ ਪੰਜਾਬ 'ਚ ਬੁਢਾਪਾ ਪੈਨਸ਼ਨ ਦੀਆਂ 78460 ਵਿਧਵਾ ਪੈਨਸ਼ਨ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ 10568, ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਨੇ 4428 ਅਤੇ ਅਪੰਗ ਵਿਅਕਤੀਆਂ ਦੇ 6104 ਮਾਮਲੇ ਲੰਬਿਤ ਪਏ ਹਨ। ਇਨ੍ਹਾਂ ਵਿੱਚੋਂ ਕਿਸੇ ਵੀ ਲਾਭਪਾਤਰੀ ਨੂੰ ਅਦਾਇਗੀ ਨਹੀਂ ਹੋ ਰਹੀ ਹੈ। ਕਿਉਂਕਿ ਇਹ ਅਰਜ਼ੀਆਂ ਅਜੇ ਪੈਂਡਿੰਗ ਪਈਆਂ ਹਨ। ਪੰਜਾਬ ਸਰਕਾਰ ਦੀ ਵਿੱਤੀ ਸਥਿਤੀ ਅਜਿਹੀ ਹੈ ਕਿ ਉਹ ਅਜੇ ਤੱਕ ਪੈਨਸ਼ਨਾਂ ਨੂੰ ਵੀ ਪੂਰਾ ਲਾਭ ਦੇਣ ਵਿੱਚ ਅਸਮਰੱਥ ਸਾਬਤ ਹੋ ਰਹੀ ਹੈ।

ਦਸਮ ਗ੍ਰੰਥ ਬਾਰੇ ਦਿੱਲੀ ਗੁਰਦੁਆਰਾ ਕਮੇਟੀ ਦੋਹਾ ਧਿਰਾਂ ਵਿੱਚ ਬਹਿਸ ਲਈ ਤਿਆਰ

ਨਵੀਂ ਦਿੱਲੀ, 1 ਜਨਵਰੀ (ਜਸਵੰਤ ਸਿੰਘ ਅਜੀਤ)-ਦਸਮ ਗ੍ਰੰਥ ਦੇ ਸਮਰੱਥਕਾਂ ਵੱਲੋਂ ਇਸਦੇ ਵਿਰੋਧ ਕਰਨ ਵਾਲਿਆਂ ਨਾਲ ਚਰਚਾ ਕੀਤੇ ਜਾਣ ਬਾਰੇ ਦਿੱਤੇ ਚੈਲੇਂਜ ਦੇ ਸਬੰਧ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਚਰਚਾ ਕਰਵਾ ਕੇ ਆਪਣੀ ਪੰਥਕ ਜ਼ਿੰਮੇਵਾਰੀ ਨਿਭਾਉਣ ਲਈ ਤਿਆਰ ਹੈ। ਇਹ ਗੱਲ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਦੱਸਿਆ ਕਿ ਦਸਮ ਗ੍ਰੰਥ ਦੇ ਮਸਲੇ ਨੂੰ ਦੋਵੇਂ ਧਿਰਾਂ ਵਿੱਚ ਚਰਚਾ ਰਾਹੀਂ ਸਦੀਵੀ ਤੌਰ ਤੇ ਹੱਲ ਕਰਨ ਦੀ ਗੱਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਾਹਿਬਾਨਾਂ ਵੱਲੋਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਈ ਵਾਰ ਕੀਤੀ ਗਈ ਹੈ, ਪ੍ਰੰਤੂ ਇਹ ਦੋਵੇਂ ਸੰਸਥਾਵਾਂ ਆਪਣੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਅ ਸਕੀਆਂ। ਸ. ਸਰਨਾ ਨੇ ਕਿਹਾ ਕਿ ਉਹ ਇਸ ਵਿਵਾਦ ਦਾ ਸਦੀਵੀਂ ਹੱਲ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਮੁੱਦੇ 'ਤੇ ਪੰਥ ਵਿੱਚ ਸਿੱਧੀ ਵੰਡੀ ਪੈਣ ਦਾ ਖਦਸ਼ਾ ਹੈ। ਸ. ਸਰਨਾ ਨੇ ਕਿਹਾ ਕਿ ਉਹ ਜਲਦੀ ਹੀ ਇਸ ਚਰਚਾ ਦੀ ਤਾਰੀਖ ਤਹਿ ਕਰਕੇ ਪ੍ਰੈੱਸ ਰਾਹੀਂ ਦੋਵੇਂ ਧਿਰਾਂ ਨੂੰ ਸੂਚਿਤ ਕਰਨਗੇ। ਉਨ੍ਹਾਂ ਨੇ ਕਿਹਾ ਕਿ ਉਹ ਵਿਰੋਧੀ ਧਿਰ ਅਤੇ ਸਮਰੱਥਕ ਧਿਰ ਨੂੰ ਵਿਦਵਾਨਾਂ ਦੇ ਪੈਨਲ ਭੇਜਣ ਦੀ ਅਪੀਲ ਕਰਦੇ ਹਨ। ਇਸ ਤੋਂ ਇਲਾਵਾ ਸ. ਸਰਨਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਪ੍ਰਤੀਨਿਧੀਆਂ ਨੂੰ ਇਸ ਚਰਚਾ ਵਿੱਚ ਜ਼ਰੂਰ

☛(ਬਾਕੀ ਸਫ਼ਾ 2 'ਤੇ)

ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਵੱਲੋਂ ਬਾਬਾ ਤਾਰਾ ਸਿੰਘ ਅਤੇ ਬਾਬਾ ਚਰਨ ਸਿੰਘ ਜੀ ਨੂੰ ਸ਼ਰਧਾਂਜ਼ਲੀਆਂ

☛ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਹਜ਼ੂਰ ਸਾਹਿਬ ਦੇ ਸਿੰਘ ਸਾਹਿਬਾਨ ਅਤੇ ਦਮਦਮੀ ਟਕਸਾਲ ਮੁੱਖੀ ਤੋਂ ਇਲਾਵਾ ਵੱਖ-ਵੱਖ ਸੰਤ ਮਹਾਂਪੁਰਸ਼ ਵਿਸ਼ੇਸ਼ ਤੌਰ 'ਤੇ ਪੁੱਜੇ ☛ ਗਰੀਬ ਲੜਕੀਆਂ ਦੇ ਵਿਆਹ ਅਤੇ ਅੰਮ੍ਰਿਤ ਸੰਚਾਰ ਸਮਾਗਮ ਕੱਲ੍ਹ

ਸਰਹਾਲੀ ਕਲਾਂ, 1 ਜਨਵਰੀ (ਮਲਕੀਤ ਸਿੰਘ ਬਰਾੜ, ਹਰਪ੍ਰੀਤ ਸਿੰਘ ਲੇਹਿਲ, ਕੁਲਦੀਪ ਸੰਧੂ)-ਸੱਚਖੰਡ ਵਾਸੀ ਸੰਤ ਬਾਬਾ ਤਾਰਾ ਸਿੰਘ ਜੀ ਅਤੇ ਸੰਤ ਬਾਬਾ ਚਰਨ ਸਿੰਘ ਜੀ ਦੀ ਸਾਲਾਨਾ ਬਰਸੀਂ ਸਬੰਧੀ ਸਾਲਾਨਾ ਜੋੜ ਮੇਲਾ ਅੱਜ ਗੁਰਦੁਆਰਾ ਗੁਰਪੁਰੀ ਸਾਹਿਬ ਸੁਹਾਵਾ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧੀ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪੰਥ ਦੇ ਮਹਾਨ ਕਥਾਵਾਚਕ, ਰਾਗੀ ਸਿੰਘਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਅਰਦਾਸ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੱਥੇ. ਤਖ਼ਤ ਸ੍ਰੀ ਪਟਨਾ ਸਾਹਿਬ ਨੇ ਕੀਤੀ ਅਤੇ ਹੁਕਮਨਾਮੇ ਦੀ ਵਿਆਖਿਆ ਗਿਆਨੀ ਪੂਰਨ ਸਿੰਘ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਕੀਤੀ। ਭੋਗ ਉਪਰੰਤ ਦੀਵਾਨਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼ ਤੋਂ ਪਹੁੰਚੀਆਂ ਸੰਗਤਾਂ ਨੇ ਪਹੁੰਚੇ ਮਹਾਂਪੁਰਸ਼ਾਂ, ਵਿਦਵਾਨਾਂ ਅਤੇ ਸਿਆਸਤਦਾਨਾਂ ਦੇ ਵਿਚਾਰ ਸੁਣੇ। ਭਾਈ ਨਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਪ੍ਰੀਤ ਸਿੰਘ ਪ੍ਰੀਤ ਜਲੰਧਰ, ਭਾਈ ਸਾਹਿਬ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਭਾਈ ਰਣਜੀਤ ਸਿੰਘ ਚੰਦਨ ਫਰੀਦਕੋਟ ਵਾਲੇ, ਭਾਈ ਸੁਖਦੇਵ ਸਿੰਘ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਅਤੇ ਹੋਰ ਮਹਾਨ ਸ਼ਖਸੀਅਤਾਂ ਨੇ ਸੰਗਤਾਂ ਨੂੰ ਗੁਰਬਾਣੀ ਹਵਾਲਿਆਂ ਰਾਹੀਂ ਸੰਗਤਾਂ ਨੂੰ ਸੰਤਾਂ, ਮਹਾਂਪੁਰਸ਼ਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ, ਗਿਆਨੀ ਪ੍ਰਤਾਪ ਸਿੰਘ ਹੈੱਡ ਗ੍ਰੰਥੀ ਸ੍ਰੀ ਹਜ਼ੂਰ ਸਾਹਿਬ, ਬਾਬਾ ਦਇਆ ਸਿੰਘ ਸੁਰਸਿੰਘ ਵਾਲੇ, ਗਿਆਨੀ ਸਰੂਪ ਸਿੰਘ, ਬਾਬਾ ਨੰਦ ਸਿੰਘ ਮੁੰਡਾਪਿੰਡ, ਬਾਬਾ ਮਹਿੰਦਰ ਸਿੰਘ ਠੱਟਾ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਅਤੇ ਦਮਦਮੀ ਟਕਸਾਲ ਦੇ ਮੁੱਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸੱਚਖੰਡ ਵਾਸੀ ਸੰਤ ਬਾਬਾ ਤਾਰਾ ਸਿੰਘ ਅਤੇ ਸੰਤ ਬਾਬਾ ਚਰਨ ਸਿੰਘ ਜੀ ਨੂੰ ਸ਼ਰਧਾਂਜ਼ਲੀ ਭੇਂਟ ਕਰਦਿਆਂ ਕਿਹਾ ਕਿ ਅੱਜ ਜੋ ਇੱਥੇ ਲੱਖਾਂ ਸੰਗਤਾਂ ਦਾ ਇਕੱਠ ਹੈ। ਉਹ ਦੱਸ ਰਿਹਾ ਹੈ ਕਿ ਮਹਾਂਪੁਰਸ਼ਾਂ ਦੀ ਸਿੱਖ ਪੰਥ ਪ੍ਰਤੀ ਕਿੰਨੀ ਵੱਡੀ ਸੇਵਾ ਸੀ। ਉਨ੍ਹਾਂ

☛(ਬਾਕੀ ਸਫ਼ਾ 2 'ਤੇ)

ਹਰਿਆਣਾ ਦੇ ਮੁੱਖ ਮੰਤਰੀ ਮਿਲੇ ਰਾਜਪਾਲ ਨੂੰ ਹਰਿਆਣਾ ਦੇ ਵਿਕਾਸ ਨੂੰ ਦਿਆਂਗੇ ਪਹਿਲ -ਹੁੱਡਾ

ਨਵੇਂ ਸਾਲ ਦੀ ਦਿੱਤੀ ਵਧਾਈ, ਖੁਸ਼ਹਾਲੀ ਦੀ ਕੀਤੀ ਕਾਮਨਾ

ਚੰਡੀਗੜ੍ਹ, 1 ਜਨਵਰੀ (ਡਾ. ਸਵਾਸਤਿਕ ਸ਼ਰਮਾ) - ਹਰਿਆਣਾ ਦੇ ਰਾਜਪਾਲ ਸ੍ਰੀ ਜਗਨ ਨਾਥ ਪਹਾੜੀਆ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਸ਼ਾਂਤੀ ਪਹਾੜੀਆ ਨੇ ਵੀ ਅੱਜ ਇੱਥੇ ਹਰਿਆਣਾ ਰਾਜ ਭਵਨ ਵਿਚ ਉਨ੍ਹਾਂ ਨੂੰ ਵਧਾਈ ਦੇਣ ਆਏ ਲੋਕਾਂ ਤੋਂ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਪ੍ਰਾਪਤ ਕੀਤੀਆਂ । ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ, ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਆਸ਼ਾ ਹੁੱਡਾ ਅਤੇ ਹਰਿਆਣਾ ਦੀ ਸਿਹਤ ਅਤੇ ਸਿੱਖਿਆ ਮੰਤਰੀ ਸ੍ਰੀਮਤੀ ਗੀਤਾ ਭੁੱਕਲ ਨੇ ਹਰਿਆਣਾ ਰਾਜ ਭਵਨ ਵਿਚ ਰਾਜਪਾਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਕਾਮਨਾ ਕੀਤੀ ਕਿ ਨਵਾਂ ਸਾਲ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੇ ਲਈ ਖੁਸ਼ੀ ਅਤੇ ਖੁਸ਼ਹਾਲੀ ਲੈ ਕੇ ਆਵੇ । ਰਾਜਪਾਲ ਅਤੇ ਉਨ੍ਹਾਂ ਦੀ ਧਰਮਪਤਨੀ ਨੇ ਵੀ ਉਨ੍ਹਾਂ ਦਾ ਗਰਮ ਜੋਸ਼ੀ ਨਾਲ ਸੁਆਗਤ ਕੀਤਾ ਅਤੇ ਉਨ੍ਹਾਂ ਨੂੰ ਨਵੇਂ ਸਾਲ ਦੀ ਆਪਣੀ ਹਾਰਦਿਕ ਵਧਾਈ ਵੀ ਦਿੱਤੀ । ਹਰਿਆਣਾ ਦੀ ਮੁੱਖ ਸਕੱਤਰ ਸ੍ਰੀਮਤੀ ਉਰਵਸ਼ੀ ਗੁਲਾਟੀ ਅਤੇ ਉਨ੍ਹਾਂ ਦੇ ਪਤੀ ਸ੍ਰੀ ਨਰੇਸ਼ ਗੁਲਾਟੀ, ਵਿੱਤ ਕਮਿਸ਼ਨਰ ਅਤੇ ਪ੍ਰਧਾਨ ਸਕੱਤਰ, ਰਾਜਸਵ ਵਿਭਾਗ ਨੇ ਵੀ ਹਰਿਆਣਾ ਰਾਜ ਭਵਨ ਵਿਚ ਜਾ ਕੇ ਰਾਜਪਾਲ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ । ਉਨ੍ਹਾਂ ਨੇ ਆਉਣ ਵਾਲੇ ਸਾਲਾਂ ਵਿਚ ਰਾਜਪਾਲ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਲੰਬੀ ਉਮਰ, ਖੁਸ਼ਹਾਲੀ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ । ਉਨ੍ਹਾਂ ਨੇ ਇਹ ਵੀ ਕਾਮਨਾ ਕੀਤੀ ਕਿ ਹਰਿਆਣਾ ਰਾਜਪਾਲ ਦੇ ਯੋਗ ਮਾਰਗ ਦਰਸ਼ਨ ਅਤੇ ਸਮੇਂ 'ਤੇ ਸਲਾਹ ਨਾਲ ਦਿਨ-ਦੁਗੱਣੀ ਅਤੇ ਰਾਤ ਚੌਗਣੀ ਤਰੱਕੀ ਕਰੇਗਾ । ਨਵਾਂ ਸਾਲ 2010 ਦੇ ਮੌਕੇ 'ਤੇ ਰਾਜਪਾਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦੇਣ ਦੇ ਲਈ ਹਰਿਆਣਾ ਰਾਜ ਭਵਨ ਵਿਚ ਆਉਣ ਵਾਲੇ ਕੁਝ ਪ੍ਰਸਿੱਧ ਵਿਅਕਤੀਆਂ ਵਿਚ ਹਰਿਆਣਾ ਰਾਜ ਕਾਂਗਰਸ ਕਮੇਟੀ ਦੇ ਕਾਰਜਕਾਰੀ

☛(ਬਾਕੀ ਸਫ਼ਾ 2 'ਤੇ)

ਦਸਮ ਗ੍ਰੰਥ ਅਤੇ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਸਿੱਖ ਏਕਤਾ ਦੇ ਦੁਸ਼ਮਣ-ਸੰਤ ਭਿੰਡਰਾਂਵਾਲੇ

ਸਰਹਾਲੀ ਕਲਾਂ, 1 ਜਨਵਰੀ (ਮਲਕੀਤ ਸਿੰਘ ਬਰਾੜ/ਕੁਲਦੀਪ ਸੰਧੂ)- ਦਮਦਮੀ ਟਕਸਾਲ ਦੇ ਮੁੱਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਨਾਨਕਸ਼ਾਹੀ ਕੈਲੰਡਰ ਅਤੇ ਦਸਮ ਗ੍ਰੰਥ ਦਾ ਵਿਰੋਧ ਕਰ ਰਹੇ ਮੁੱਠੀ ਭਰ ਲੋਕਾਂ ਨੂੰ ਸਿੱਖੀ ਦੇ ਸਭ ਤੋਂ ਵੱਡੇ ਦੁਸ਼ਮਣ ਕਰਾਰ ਦਿੱਤਾ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਵੱਲੋਂ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੀ ਜਾ ਰਹੀ ਚੁਣੌਤੀ ਨੂੰ ਅਤੀ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਸ ਸੰਸਥਾ ਦੇ ਜਥੇਦਾਰ ਰਹਿ ਚੁੱਕੇ ਵਿਅਕਤੀ ਨੂੰ ਵੀ ਜੇਕਰ ਸਿੱਖ ਇਤਿਹਾਸ ਅਤੇ ਗੁਰਬਾਣੀ ਤੋਂ ਪੂਰੀ ਜਾਣਕਾਰੀ ਨਹੀਂ ਹੈ ਤਾਂ ਉਹ ਪੰਥ ਲਈ ਬਹੁਤ ਵੱਡੀ ਬਦਕਿਸਮਤੀ ਹੈ। ਉਨ੍ਹਾਂ ਕਿਹਾ ਕਿ ਜਿਸ ਜ਼ੁਬਾਨ ਨਾਲ ਪ੍ਰੋ. ਦਰਸ਼ਨ ਸਿੰਘ ਦਸਮ ਗ੍ਰੰਥ ਦੇ ਬਾਰੇ ਕੂੜ ਟਿੱਪਣੀਆਂ ਕਰ ਰਿਹਾ ਹੈ, ਉਸ ਜ਼ੁਬਾਨ ਦਾ ਕਦੇ ਵੀ ਭਲਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਜੋ ਪ੍ਰਚਾਰ ਕਰ ਰਹੇ ਹਨ ਉਨ੍ਹਾਂ ਚੋਂ ਇਕ ਵੀ ਗੱਲ ਦਸਮ ਗ੍ਰੰਥ ਵਿੱਚ ਮੌਜੂਦ ਨਹੀਂ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇ ਦਰਦੀਆਂ ਨੂੰ ਚਾਹੀਦਾ ਹੈ ਕਿ ਉਹ ਪ੍ਰੋ. ਦਰਸ਼ਨ ਸਿੰਘ ਨੂੰ ਗਲ ਵਿੱਚ ਰੱਸਾ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਲੈ ਕੇ ਆਉਣ ਅਤੇ ਪੁੱਛਣ ਕਿ ਉਸ ਦੀ ਇਹ ਝੂਠ

☛(ਬਾਕੀ ਸਫ਼ਾ 2 'ਤੇ)

ਗੁਜਰਾਤ ਪੈਟਰਨ 'ਤੇ ਕੰਪਿਊਟਰਾਈਜ਼ਡ ਚੈੱਕ ਪੋਸਟ ਸਥਾਪਤ ਕਰੇਗਾ ਪੰਜਾਬ

ਚੰਡੀਗੜ੍ਹ, 1 ਦਸੰਬਰ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਸਰਕਾਰ ਵੱਲੋਂ ਗੁਜਰਾਤ ਪੈਟਰਨ ਤੇ ਕੰਪਿਊਟਰਾਈਜ਼ਡ ਚੈੱਕ ਪੋਸਟ ਸਥਾਪਤ ਕਰਨ ਦੀ ਯੋਜਨਾ ਉਲੀਕੀ ਹੈ। ਇਸ ਯੋਜਨਾ ਦੇ ਲਾਗੂ ਹੋਣ ਨਾਲ ਇੰਟਰ ਸਟੇਟ ਚੈੱਕ ਪੋਸਟਾਂ ਤੇ ਚੈਕਸ ਦੀ ਹੋਣ ਵਾਲੀ ਚੋਰੀ ਨੂੰ ਸਮਾਪਤ ਕਰ ਦਿੱਤਾ ਜਾਵੇਗਾ। ਉਨ੍ਹਾਂ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਟਰਾਂਸਪੋਰਟ ਵਿਭਾਗ ਨੂੰ ਉਕਤ ਚੈੱਕ ਪੋਸਟਾਂ ਜਲਦ ਤੋਂ ਜਲਦ ਖੋਲ੍ਹਣ ਲਈ ਕਿਹਾ ਹੈ। ਵਿਭਾਗ ਵੱਲੋਂ ਕੰਪਿਊਟਰਾਈਜ਼ਡ ਚੈੱਕ ਪੋਸਟਾਂ ਖੋਲ੍ਹਣ ਲਈ ਤੇਜ਼ੀ

☛(ਬਾਕੀ ਸਫ਼ਾ 2 'ਤੇ)

ਅਲੱਗ ਸ਼ਬਦ ਯੱਗ ਟਰੱਸਟ ਵੱਲੋਂ ਸੰਪਾਦਕ ਬਲਜੀਤ ਸਿੰਘ ਬਰਾੜ ਸਮੇਤ 9 ਸ਼ਖ਼ਸ਼ੀਅਤਾਂ ਦਾ ਸਨਮਾਨ

ਲੇਖਕ ਭਰੂਣ ਹੱਤਿਆ, ਨਸ਼ਿਆਂ ਖਿਲਾਫ਼ ਆਵਾਜ਼ ਬੁਲੰਦ ਕਰਨ -ਅਟਵਾਲ

ਲੁਧਿਆਣਾ, 1 ਜਨਵਰੀ (ਰਾਜ ਜੋਸ਼ੀ)-ਭਾਵੇਂ ਪੰਜਾਬ ਵਿੱਚ ਪੂਰੇ ਦੇਸ਼ ਦੇ ਮੁਕਾਬਲੇ ਹੋਰ ਕੁੱਝ ਅੱਗੇ ਜਾਵੇ ਜਾਂ ਨਾ ਜਾਵੇ ਪਰ ਪੰਜਾਬ ਵਿੱਚ ਸ਼ਰਾਬ ਅਤੇ ਭਰੂਣ ਹੱਤਿਆ ਸਭ ਤੋਂ ਅੱਗੇ ਜਾ ਰਹੇ ਹਨ। ਜਿਸ ਲਈ ਲਿਖਾਰੀਆਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਕਲਮਾਂ ਦੀਆਂ ਨੋਕਾਂ ਨਾਲ ਕੋਈ ਇਨਕਲਾਬ ਲੈ ਕੇ ਆਉਣ। ਇਹ ਸ਼ਬਦ ਅੱਜ ਇੱਥੇ ਪੰਜਾਬੀ ਭਵਨ ਵਿਖੇ ਅਲੱਗ ਸ਼ਬਦ ਯੱਗ ਟਰੱਸਟ ਲੁਧਿਆਣਾ ਵੱਲੋਂ ਆਯੋਜਿਤ ਪ੍ਰੋ. ਪੂਰਨ ਸਿੰਘ ਧਾਮੀ ਪੁਰਸਕਾਰ ਵੰਡ ਸਮਾਗਮ ਵਿੱਚ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਨੇ ਕਹੇ। ਸਾਬਕਾ ਡਿਪਟੀ ਸਪੀਕਰ ਨੇ ਇਸ ਸਮੇਂ ਕਿਹਾ ਕਿ ਸਾਡੇ ਦੇਸ਼ ਵਿੱਚ ਸਿੱਖਿਆ ਦੀ ਚਿੰਤਾਜਨਕ ਸਥਿਤੀ ਲਈ ਉਹ ਬਹੁਤ ਦੇਰ ਤੋਂ ਯਤਨਾਂ ਸਦਕਾ ਸੁਧਾਰ ਲਿਆਉਣ ਲਈ ਤਤਪਰ ਹਨ, ਪਰ ਜਿਨ੍ਹਾਂ ਚਿਰ ਸਾਡੇ ਦੇਸ਼ ਦੀ ਪ੍ਰਾਇਮਰੀ ਸਿੱਖਿਆ ਨੂੰ ਬਿਹਤਰ ਨਹੀਂ ਬਣਾਇਆ ਜਾਂਦਾ, ਉਸ ਸਮੇਂ ਤੱਕ ਦੇਸ਼ ਨੂੰ ਚੰਗੇ ਡਾਕਟਰ, ਚੰਗੇ ਇੰਜੀਨੀਅਰ, ਚੰਗੇ ਵਿਗਿਆਨੀ ਆਦਿ ਨਹੀਂ ਮਿਲ ਸਕਦੇ। ਉਨ੍ਹਾਂ ਡਾ. ਸਰੂਪ ਸਿੰਘ ਅਲੱਗ ਵੱਲੋਂ ਕੀਤੇ ਜਾਂਦੇ ਕੰਮਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਇਹ ਸ਼ਬਦ ਯੱਗ ਵਿੱਚ ਨਿਰੰਤਰ ਵਾਧਾ ਕਰ ਰਹੇ ਹਨ। ਓਹ ਇਨ੍ਹਾਂ ਉੱਪਰ ਪ੍ਰਮਾਤਮਾ ਦੀ ਮਿਹਰ ਭਰਿਆ ਹੱਥ ਦਰਸਾਉਂਦਾ ਹੈ। ਇਸ ਸਮਾਗਮ ਵਿੱਚ ਉਨ੍ਹਾਂ 9 ਸਖਸ਼ੀਅਤਾਂ ਨੂੰ ਭਰਵਾਂ ਸਨਮਾਨ ਦਿੱਤਾ ਗਿਆਂ ਜਿਹੜੀਆਂ ਵੱਖ-ਵੱਖ ਖੇਤਰਾਂ ਵਿੱਚ ਮਾਨਵਤਾ ਦੀ ਬੇਲਾਗ ਸੇਵਾ ਵਿੱਚ ਜੁਟੀਆਂ ਹੋਈਆਂ ਹਨ। ਇਹ ਸਨਮਾਨ ਪ੍ਰਾਪਤ ਕਰਤਾ ਪ੍ਰਿੰ. ਰਾਮ ਸਿੰਘ, ਪ੍ਰਿੰ. ਸਵਰਨ ਸਿੰਘ ਵਿਰਕ, ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ, ਸ. ਬਲਜੀਤ ਸਿੰਘ ਬਰਾੜ, ਡਾ. ਨਿਰਮਲ ਸਿੰਘ, ਡਾ. ਬਬੀਤਾ ਜੈਨ, ਸ. ਅਮਰਜੀਤ ਸਿੰਘ ਗੁਜਰਾਲ, ਰਾਣਾ ਇੰਦਰਜੀਤ ਸਿੰਘ ਅਤੇ ਸ. ਕ੍ਰਿਪਾਲ ਸਿੰਘ ਸੰਧੂ ਹਨ। ਸਮਾਗਮ ਦੇ ਪ੍ਰਾਰੰਭ ਵਿੱਚ ਟਰੱਸਟ ਚੇਅਰਮੈਨ ਡਾ. ਸਰੂਪ ਸਿੰਘ ਅਲੱਗ ਨੇ ਆਇਆ ਹੋਇਆਂ ਸਾਰਿਆਂ ਪਤਵੰਤਿਆਂ ਨੂੰ ਨਵ ਵਰਸ਼ ਦੀਆਂ ਮੁਬਾਰਕਾਂ ਪ੍ਰਦਾਨ ਕੀਤੀਆਂ। ਇਸ ਉਪਰੰਤ ਡਾ. ਅਲੱਗ ਨੇ ਪ੍ਰੋ. ਪੂਰਨ ਸਿੰਘ ਧਾਮੀ ਨੂੰ ਆਪਣੀ ਸ਼ਰਧਾਂਜਲੀ ਅਰਪਤ ਕੀਤੀ ਅਤੇ ਸਨਮਾਨਿਤ ਸ਼ਖਸੀਅਤਾਂ ਦਾ ਸੰਖੇਪ ਵੇਰਵਾ ਦੇਂਦਿਆਂ ਹੋਇਆਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਅਤੇ ਆਪਣੇ ਆਪਣੇ ਕਾਰਜਾਂ ਵਿੱਚ ਹੋਰ ਨਿਫਾਸਤ ਪੈਦਾ ਕਰਨ ਦੀ ਅਪੀਲ ਕੀਤੀ। ਆਪਣੇ ਸੰਬੋਧਨ ਵਿੱਚ ਡਾ. ਅਲੱਗ ਨੇ ਟਰੱਸਟ ਦੀਆਂ ਬਹੁ-ਪਰਕਾਰ ਨਿਸ਼ਕਾਮ ਸੇਵਾਵਾਂ ਦਾ ਸੰਖੇਪ ਰੂਪ ਵਿੱਚ ਜਿਕਰ ਕਰਦਿਆਂ ਵਿਸ਼ਵ ਭਰ ਦੀਆਂ ਸੰਗਤਾਂ ਤੇ ਦਾਨੀਆਂ ਦਾ ਸਤਿਕਾਰ ਤੇ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਉੱਚ ਪਾਏ ਦਾ ਗੁਰਮਤਿ ਸਾਹਿਤ, ਜੋ

☛(ਬਾਕੀ ਸਫ਼ਾ 2 'ਤੇ)

ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਬਰਦਾਸ਼ਤ ਨਹੀ-ਫ਼ੈਡ. ਗਰੇਵਾਲ

ਚੰਡੀਗੜ੍ਹ, 1 ਜਨਵਰੀ (ਆਵਾਜ਼ ਨਿਊਜ਼ ਸਰਵਿਸ) ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਨਤਮਸਤਕ ਹੋਣਾ ਹਰ ਸਿੱਖ ਦਾ ਮੁੱਢਲਾ ਫ਼ਰਜ਼ ਹੈ, ਇਸ ਲਈ ਪੰਥਕ ਆਗੂਆਂ ਨੂੰ ਕੋਈ ਅਜਿਹੀ ਪਿਰਤ ਪਾਉਣ ਤੋਂ ਪੂਰਾ ਗੁਰੇਜ਼ ਕਰਨ ਚਾਹੀਦਾ ਹੈ, ਜਿਸ ਨਾਲ ਇਸ ਮਹਾਨ ਪਵਿੱਤਰ ਉੱਚ ਸੰਸਥਾ ਦੇ ਵਕਾਰ ਨੂੰ ਠੇਸ ਲੱਗਦੀ ਹੋਵੇ, ਇਹ ਟਿੱਪਣੀ ਸਿੱਖ ਸਟੂਡੇਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਪ੍ਰੋ. ਦਰਸ਼ਨ ਸਿੰਘ ਖਾਲਸਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾ ਨੂੰ ਅਣਗੌਲਿਆ ਕਰਨ ਸਬੰਧੀ ਕੀਤੀ। ਭਾਈ ਗਰੇਵਾਲ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਰਤਮਾਨ ਤੇ ਸਾਬਕਾ ਸਾਰੇ ਜੱਥੇਦਾਰ ਸਾਹਿਬ ਉੱਤੇ ਇਸ ਪਦਵੀ ਦੀ ਆਨ-ਸ਼ਾਨ ਨੂੰ

☛(ਬਾਕੀ ਸਫ਼ਾ 2 'ਤੇ)

ਕੈਨੇਡਾ ਵੱਲੋਂ ਭਾਰਤ ਯਾਤਰਾ ਕਰਨ ਵਾਲਿਆਂ ਲਈ ਚਿਤਾਵਨੀ

ਟੋਰਾਂਟੋ, 1 ਜਨਵਰੀ (ਵਿਸ਼ਵ ਵਾਰਤਾ)-ਅਮਰੀਕਾ ਅਤੇ ਬ੍ਰਿਟੇਨ ਤੋਂ ਬਾਅਦ ਹੁਣ ਕੈਨੇਡਾ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਵਿੱਚ ਇਸ ਸਮੇਂ ਸਾਵਧਾਨ ਰਹਿਣ ਨੂੰ ਕਿਹਾ ਹੈ। ਕੈਨੇਡਾ ਮੁਤਾਬਿਕ ਦੇਸ਼ ਭਰ ਵਿੱਚ ਅੱਤਵਾਦ ਦਾ ਜੋਖ਼ਿਮ ਹੈ ਅਤੇ ਆਂਧਰਾ ਪ੍ਰਦੇਸ਼ ਵਿੱਚ ਤੇਲੰਗਾਨਾ ਮੁੱਦੇ 'ਤੇ ਹਿੰਸਾ ਵੀ ਭੜਕੀ ਹੈ। ਕੈਨੇਡਾ ਦੇ ਵਿਦੇਸ਼ ਮਾਮਲਿਆਂ ਅਤੇ ਅੰਤਰ-ਰਾਸ਼ਟਰੀ ਕਾਰੋਬਾਰ ਦੇ ਵਿਭਾਗ ਨੇ ਹੁਣੇ ਹੀ ਯਾਤਰਾ ਮਸ਼ਵਰਾ ਜਾਰੀ ਕਰਕੇ ਕਿਹਾ- ਪੂਰੇ

☛(ਬਾਕੀ ਸਫ਼ਾ 2 'ਤੇ)

ਨਵੇਂ ਵਰ੍ਹੇ 'ਤੇ ਮਾਨਸਾ ਸਪਲੀਮੈਂਟ 5 ਨੂੰ

ਨਵੇਂ ਸਾਲ ਦੀ ਖੁਸ਼ੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਕਾਸ਼ ਉਤਸਵ ਮੌਕੇ ਅਦਾਰਾ ਅੱਜ ਦੀ ਆਵਾਜ਼ ਵੱਲੋਂ ਮਾਨਸਾ ਮੰਡੀ ਬਾਰੇ ਇੱਕ ਵਿਸ਼ੇਸ਼ ਸਪਲੀਮੈਂਟ ਛਾਪਿਆ ਜਾ ਰਿਹਾ ਹੈ। ਇਸ ਸਪਲੀਮੈਂਟ 'ਚ ਇਸ਼ਤਿਹਾਰ, ਸੰਦੇਸ਼ ਅਤੇ ਹੋਰ ਛੱਪਣਯੋਗ ਸਮਗਰੀ ਦੇਣ ਲਈ ਮਾਨਸਾ ਤੋਂ ਅੱਜ ਦੀ ਆਵਾਜ਼ ਦੇ ਵਿਸ਼ੇਸ਼ ਪ੍ਰਤੀਨਿਧ ਸ੍ਰੀ ਸੁਰਿੰਦਰ ਸਿੰਘ ਮਾਨ ਨਾਲ ਮੋਬਾ. 98150-70009 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਮੈਨੇਜਰ

ਫਰਾਂਸ ਤੋਂ ਨਵੇਂ ਪੱਤਰਕਾਰ ਦੀ ਨਿਯੁਕਤੀ

ਅਦਾਰਾ ਅੱਜ ਦੀ ਆਵਾਜ਼ ਵੱਲੋਂ ਫਰਾਂਸ ਤੋਂ ਰਿਪੋਰਟਿੰਗ ਲਈ ਬੀਬੀ ਹਰਪ੍ਰੀਤ ਕੌਰ ਨੂੰ ਪੱਤਰਕਾਰ ਨਿਯੁਕਤ ਕੀਤਾ ਗਿਆ ਹੈ। ਸਮੂਹ ਜਥੇਬੰਦੀਆਂ ਅਤੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਬੀਬੀ ਜੀ ਨੂੰ ਸਹਿਯੋਗ ਦੇਣ। ਬੀਬੀ ਜੀ ਦਾ ਸੰਪਰਕ ਪਤਾ ਇਸ ਤਰ੍ਹਾਂ ਹੈ।

HARPREET KAUR, 4RUE HENRIFABRI,
95190 GOUSSAINVILLE, FRANCE
E-MAIL-HARPREET--KAUR@HOTMAIL.FR
PHONE RESI.0033 139 33 8772

ਸੰਤ ਬਾਬਾ ਤਾਰਾ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥
ਸ੍ਰੀਮਾਨ 108 ਨਾਮ ਰਸੀਏ, ਸੇਵਾ ਦੇ ਪੁੰਜ
ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਤਾਰਾ ਸਿੰਘ ਜੀ
ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਚਰਨ ਸਿੰਘ ਜੀ
ਕਾਰ ਸੇਵਾ ਸਰਹਾਲੀ ਵਾਲਿਆਂ ਦੀ

ਸੰਤ ਬਾਬਾ ਚਰਨ ਸਿੰਘ ਜੀ

ਸਲਾਨਾ ਬਰਸੀ ਸਮਾਗਮਾਂ ਤਹਿਤ
ਸ਼ਨੀਵਾਰ ਨੂੰ ਗੁਰਦੁਆਰਾ ਗੁਰਪੁਰੀ ਸਾਹਿਬ ਸੁਹਾਵਾ (ਸਰਹਾਲੀ) ਜ਼ਿਲ੍ਹਾ ਤਰਨ ਤਾਰਨ (ਪੰਜਾਬ) ਵਿਖੇ ਸੰਗਤਾਂ ਦੇ ਸਹਿਯੋਗ ਨਾਲ
ਅੰਮ੍ਰਿਤ,ਸੰਚਾਰ ਸਮੂਹਿਕ ਸ਼ਾਦੀਆਂ ਅੱਜ

ਪ੍ਰੋਗਰਾਮ
ਅੰਮ੍ਰਿਤ ਸੰਚਾਰ : 2 ਜਨਵਰੀ 2010 ਦਿਨ ਸ਼ਨੀਵਾਰ ਨੂੰ 11 ਵਜੇ ਸਵੇਰੇ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ, ਸੰਗਤਾਂ ਆਪਣਾ ਨਾਮ ਸਟੇਜ ਸਕੱਤਰ ਨੂੰ ਲਿਖਵਾਉਣ।
ਸਮੂਹਿਕ ਸ਼ਾਦੀਆਂ : 2 ਜਨਵਰੀ 2010 ਦਿਨ ਸ਼ਨੀਵਾਰ ਨੂੰ ਸੰਪਰਦਾਇ ਵੱਲੋਂ ਲੋੜਵੰਦ ਗਰੀਬ ਲੜਕੀਆਂ ਦੀਆਂ ਸਮੂਹਿਕ ਸ਼ਾਦੀਆਂ ਗੁਰਮਰਿਯਾਦਾ ਅਨੁਸਾਰ ਹੋਣਗੀਆਂ

ਗੁਰਦੁਆਰਾ ਗੁਰਪੁਰੀ ਸਾਹਿਬ(ਸੁਹਾਵਾ)
ਸਰਹਾਲੀ ਸਾਹਿਬ , ਤਰਨ ਤਾਰਨ

ਸੰਤ ਬਾਬਾ ਸੁੱਖਾ ਸਿੰਘ ਜੀ
ਮੁਖੀ, ਸੰਪਰਦਾਇ ਕਾਰ ਸੇਵਾ ਸਰਹਾਲੀ
ਤਰਨ ਤਾਰਨ (ਪੰਜਾਬ)

ਗੁਰੂ ਪੰਥ ਦੇ ਦਾਸ
ਸੰਤ ਬਾਬਾ ਸੁੱਖਾ ਸਿੰਘ ਜੀ, ਬਾਬਾ ਹਾਕਮ ਸਿੰਘ ਜੀ
ਕਾਰ ਸੇਵਾ ਸਰਹਾਲੀ ਵਾਲੇ, ਸਮੂਹ ਇਲਾਕਾ ਨਿਵਾਸੀ ਸੰਗਤਾਂ, ਜ਼ਿਲ੍ਹਾ ਤਰਨ ਤਾਰਨ, ਪੰਜਾਬ (ਭਾਰਤ)
ਫੋਨ. (094175-03294, 099150-77577, 074922-41750, 074922-41847, 094176-27028)
www. gurpuri.com

ਸੰਤ ਬਾਬਾ ਹਾਕਮ ਸਿੰਘ ਜੀ
ਡਿਪਟੀ ਮੁਖੀ, ਸੰਪਰਦਾਇ ਕਾਰ ਸੇਵਾ
ਸਰਹਾਲੀ ਤਰਨ ਤਾਰਨ (ਪੰਜਾਬ)

ਨੋਟ :ਬੰਗਲਾਦੇਸ਼ ਦੇ ਵੱਖ ਵੱਖ ਗੁਰਧਾਮਾਂ ਦੀ ਸੇਵਾ ਸੰਪ੍ਰਦਾਇ ਕਾਰਸੇਵਾ ਦੇ ਮੌਜੂਦਾ ਮੁਖੀ ਬਾਬਾ ਸੁੱਖਾ ਸਿੰਘ ਵੱਲੋਂ ਵੱਡੀ ਪੱਧਰ 'ਤੇ ਕਰਵਾਈ ਜਾ ਰਹੀ ਹੈ।